## ਗੁਰੂ ਨਾਨਕ –ਸਬਦ ੧੦੩

### ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਬਿਰਧਿ ਭਇਆ ਤਨੁ ਖੀਣੁ ॥

### ਰਾਗੁ ਸਿਰੀਰਾਗੁ, ਗੁਰੂ ਨਾਨਕ, ਗੁਰੂ ਗ੍ਰੰਥ ਸਾਹਿਬ, ੭੬

ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਬਿਰਧਿ ਭਇਆ ਤਨੁ ਖੀਣੁ ॥
ਅਖੀ ਅੰਧੁ ਨ ਦੀਸਈ ਵਣਜਾਰਿਆ ਮਿਤ੍ਰਾ ਕੰਨੀ ਸੁਣੈ ਨ ਵੈਣ ॥
ਅਖੀ ਅੰਧੁ ਜੀਭ ਰਸੁ ਨਾਹੀ ਰਹੇ ਪਰਾਕਉ ਤਾਣਾ ॥
ਗੁਣ ਅੰਤਰਿ ਨਾਹੀ ਕਿਉ ਸੁਖੁ ਪਾਵੈ ਮਨਮੁਖ ਆਵਣ ਜਾਣਾ ॥
ਖੜੁ ਪਕੀ ਕੁੜਿ ਭਜੈ ਬਿਨਸੈ ਆਇ ਚਲੈ ਕਿਆ ਮਾਣੁ ॥
ਕਹੁ ਨਾਨਕ ਪ੍ਰਾਣੀ ਚਉਥੈ ਪਹਰੈ ਗੁਰਮੁਖਿ ਸਬਦੁ ਪਛਾਣੁ ॥੪॥

ਸਾਰ: ਇਕ ਨਿਰੰਤਰ ਵਗਦੀ ਧਾਰਾ ਤੋਂ ਪਾਰ, ਸਮੇਂ ਦੀ ਬੇਰੋਕ ਪ੍ਰਕਿਰਤੀ ਸਾਨੂੰ ਇਸਦੀ ਵਧੇਰੇ ਗੂੜ੍ਹ ਮਹੱਤਤਾ ਦੀ ਪੜਚੋਲ ਕਰਨ ਲਈ ਸੱਦਾ ਦਿੰਦੀ ਹੈ। ਸਮਾਂ ਸਿਰਫ਼ ਇਕ ਬਾਹਰੀ ਸਤਾ ਨਹੀਂ ਹੈ; ਇਹ ਬ੍ਰਹਿਮੰਡ ਵਿਚ ਗਤੀ, ਪਰਿਵਰਤਨ ਅਤੇ ਬਿਨਸਨ ਦੀ ਪ੍ਰਕਿਰਿਆ ਦੁਆਰਾ ਨਿਰੰਤਰ ਬਦਲਾਵ ਨੂੰ ਮਾਪਦਾ ਹੈ। ਇਸ ਨੂੰ ਪਛਾਣਨ ਨਾਲ ਸਾਡਾ ਦ੍ਰਿਸ਼ਟੀਕੋਣ ਬਦਲ ਜਾਂਦਾ ਹੈ, ਜਿਸ ਨਾਲ ਅਸੀਂ ਸਮੇਂ ਨੂੰ ਜੀਵਨ ਅਨੁਭਵਾਂ ਦੇ ਚਿੰਤਨ ਰੂਪ ਵਜੋਂ ਦੇਖ ਸਕਦੇ ਹਾਂ ਨਾ ਕਿ ਅਜਿਹੇ ਰੂਪ ਵਿਚ ਜੋ ਸਾਨੂੰ ਨਿਯੰਤਰਿਤ ਕਰਦਾ ਹੈ। ਭੂਤ ਅਤੇ ਭਵਿੱਖ ਦੀਆਂ ਧਾਰਨਾਵਾਂ ਅਲੋਪ ਹੋ ਜਾਂਦੀਆਂ ਹਨ, ਅਤੇ ਇਸ ਸੱਚਾਈ ਨੂੰ ਉਜਾਗਰ ਕਰਦੀਆਂ ਹਨ ਕਿ ਸਿਰਫ ਵਰਤਮਾਨ ਪਲ ਹੀ ਮੌਜੂਦ ਹੈ। ਸਮੇਂ ਦੇ ਵਿਰੁੱਧ ਲੜਨ ਦੀ ਬਜਾਏ, ਅਸੀਂ ਇਸਨੂੰ ਗਲਵਕੜੀ ਵਿਚ ਲੈਣਾ ਸਿੱਖ ਸਕਦੇ ਹਾਂ, ਜਿਸ ਨਾਲ ਜੀਵਨ ਨਾਲ ਸਾਡਾ ਰਿਸ਼ਤਾ ਵਧੇਰੇ ਸ਼ਾਂਤਮਈ, ਸੰਪੂਰਨਤਾ ਭਰਪੂਰ ਅਤੇ ਧਿਆਨਮਈ ਹੋ ਜਾਂਦਾ ਹੈ।

ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਬਿਰਧਿ ਭਇਆ ਤਨੁ ਖੀਣੁ ॥

ਰਾਤ ਦੇ ਚੌਥੇ ਪਹਿਰ, ਹੇ ਵਣਜਾਰੇ ਦੋਸਤ, ਬੁਢਾਪਾ ਨੇੜੇ ਆ ਜਾਂਦਾ ਹੈ, ਅਤੇ ਸਰੀਰ ਕਮਜ਼ੋਰ ਹੋ ਜਾਂਦਾ ਹੈ। "ਵਣਜਾਰਾ ਦੋਸਤ" ਸਮੇਂ ਦੇ ਅਟੱਲ ਸੁਭਾਅ ਨੂੰ ਦਰਸਾਉਂਦਾ ਹੈ, ਜੋ ਕਿ ਕਾਰਜ਼ ਲਈ ਘੱਟਦੇ ਮੌਕਿਆਂ ਦਾ ਪ੍ਰਤੀਕ ਹੈ।

ਅਖੀ ਅੰਧੁ ਨ ਦੀਸਈ ਵਣਜਾਰਿਆ ਮਿਤ੍ਰਾ ਕੰਨੀ ਸੁਣੈ ਨ ਵੈਣ ॥

ਹੇ ਵਣਜਾਰੇ ਦੋਸਤ ਅੱਖਾਂ ਆਪਣੀ ਨਜ਼ਰ ਗੁਆ ਬੈਠਦੀਆਂ ਹਨ, ਅਤੇ ਕੰਨ ਹੁਣ ਆਵਾਜ਼ ਦੀਆਂ ਧੁਨਾਂ ਸੁਣ ਨਹੀਂ ਪਾਉਂਦੇ; ਇਹ ਦਰਸਾਉਂਦਾ ਹੈ ਕਿ ਕਿਵੇਂ ਬਾਹਰੀ ਸੰਸਾਰ ਦੁਆਰਾ ਆਪਣੇ ਆਪ ਬਾਰੇ ਸਾਡੀਆਂ ਧਾਰਨਾਵਾਂ 'ਤੇ ਨਿਰਭਰਤਾ ਜੀਵਨ ਦੇ ਤੱਤਸਾਰ ਨੂੰ ਅਸਪਸ਼ਟ ਕਰ ਸਕਦੀਆਂ ਹਨ।

ਅਖੀ ਅੰਧੁ ਜੀਭ ਰਸੁ ਨਾਹੀ ਰਹੇ ਪਰਾਕਉ ਤਾਣਾ ॥

ਨਜ਼ਰ ਮੱਧਮ ਹੋ ਜਾਂਦੀ ਹੈ, ਸੁਆਦ ਫਿੱਕਾ ਪੈ ਜਾਂਦਾ ਹੈ, ਅਤੇ ਜੀਵਨ ਊਰਜਾ ਹੁਣ ਨਹੀਂ ਰਹਿੰਦੀ; ਇਹ ਉਨ੍ਹਾਂ ਭਰਮਾਂ ਦੇ ਅੰਤ ਦਾ ਪ੍ਰਤੀਕ ਹੈ ਜੋ ਕਦੇ ਖੁਸ਼ੀ ਅਤੇ ਇੱਛਾ ਨੂੰ ਜਗਾਉਂਦੇ ਸਨ।

ਗੁਣ ਅੰਤਰਿ ਨਾਹੀ ਕਿਉ ਸੁਖੁ ਪਾਵੈ ਮਨਮੁਖ ਆਵਣ ਜਾਣਾ ॥

ਅੰਤਰੀਵੀ ਗੁਣਾਂ ਤੋਂ ਬਿਨਾਂ, ਵਿਕਾਸ ਅਤੇ ਨਿਕਾਸ ਵਿਚ ਫਸੇ ਸਵੈ-ਕੇਂਦਰਿਤਾਂ ਦੇ ਵਿਚਕਾਰ ਸ਼ਾਂਤੀ ਕਿਵੇਂ ਪੈਦਾ ਹੋ ਸਕਦੀ ਹੈ? ਇਹ ਇਸ ਤੱਥ ਨੂੰ ਉਜਾਗਰ ਕਰਦਾ ਹੈ ਕਿ ਸ਼ਾਂਤੀ ਉਸ ਤੀਬਰਤਾ ਭਰੇ ਮਨ ਤੋਂ ਦੂਰ ਰਹਿੰਦੀ, ਜੋ ਅਸਥਿਰਤਾ ਵਿਚ ਫਸਿਆ ਰਹਿੰਦਾ ਹੈ।

ਖੜੁ ਪਕੀ ਕੁੜਿ ਭਜੈ ਬਿਨਸੈ ਆਇ ਚਲੈ ਕਿਆ ਮਾਣੁ ॥

ਜਦੋਂ ਫ਼ਸਲ ਪੱਕਦੀ ਹੈ, ਤਾਂ ਇਹ ਲਿਫ਼ਦੀ, ਟੁੱਟਦੀ ਅਤੇ ਸੜਦੀ ਵੀ ਹੈ; ਤਾਂ ਫਿਰ ਉਸ ਉਪਰ ਕਾਹਦਾ ਮਾਣ, ਜੋ ਆਉਂਦਾ ਅਤੇ ਚਲਾ ਜਾਂਦਾ ਹੈ? ਇਹ ਸੱਚਾਈ ਦੇਹੀ ਵਿਚਲੇ ਹੰਕਾਰ ਅਤੇ ਮਾਨ ਦੀ ਵਿਅਰਥਤਾ ਨੂੰ ਉਜਾਗਰ ਕਰਦੀ ਹੈ ਜੋ ਇਕ ਭਾਂਡੇ ਦੀ ਤਰ੍ਹਾਂ ਹੁੰਦੀ ਹੈ, ਅੰਤ ਵਿਚ ਆਪਣੇ ਮੂਲ ਤੱਤਾਂ ਵਿਚ ਵਾਪਸ ਸਮਾ ਜਾਂਦੀ ਹੈ।

ਕਹੁ ਨਾਨਕ ਪ੍ਰਾਣੀ ਚਉਥੈ ਪਹਰੈ ਗੁਰਮੁਖਿ ਸਬਦੁ ਪਛਾਣੁ ॥੪॥

ਨਾਨਕ ਕਹਿੰਦੇ ਹਨ ਕਿ ਜੀਵਨ ਦੇ ਆਖਰੀ ਪੜਾਅ ਵਿਚ, ਜੋ ਲੋਕ ਰੂਹਾਨੀਅਤ 'ਤੇ ਧਿਆਨ ਕੇਂਦਰਿਤ ਕਰਦੇ ਹਨ, ਉਹ ਬਿਬੇਕ ਦੀ ਸੂਝ ਨੂੰ ਪਛਾਣਦੇ ਹਨ। ਇਹ ਯਾਦ ਦਿਵਾਉਂਦਾ ਹੈ ਕਿ ਦੇਹੀ ਦੇ ਨਿਘਾਰ ਦੇ ਬਾਵਜੂਦ, ਅੰਤਹਕਰਣ ਛਿੰਨ-ਭੰਗਰ ਤੱਥਾਂ ਉਪਰ ਧਿਆਨ ਕੇਂਦਰਿਤ ਕਰਨ ਦੀ ਬਜਾਏ ਬਿਬੇਕ ਨਾਲ ਇਕਸੁਰ ਹੋ ਕੇ ਸਥਾਈ ਸ਼ਾਂਤੀ ਪ੍ਰਾਪਤ ਕਰ ਸਕਦਾ ਹੈ। (੪)

ਤੱਤ: ਗੁਰੂ ਨਾਨਕ ਜੀਵਨ ਦੇ ਆਖਰੀ ਪੜਾਅ ਨੂੰ ਸਪਸ਼ਟ ਰੂਪ ਵਿਚ ਦਰਸਾਉਂਦੇ ਹਨ, ਇਸਦੀ ਤੁਲਨਾ ਪੱਕੀ ਹੋਈ ਫਸਲ ਨਾਲ ਕਰਦੇ ਹਨ ਜੋ ਸਾਡੀ ਕਮਜ਼ੋਰ ਦੇਹੀ ਅਤੇ ਬਲਹੀਨ ਇੰਦਰੀਆਂ ਨੂੰ ਦਰਸਾਉਂਦੀ ਹੈ। ਇਹ ਪਲ ਸਵੈ-ਚਿੰਤਨ ਦੇ ਹਨ, ਜਿੱਥੇ ਅਸੀਂ ਦੂਜਿਆਂ ਦੀ ਬਜਾਏ ਖੁਦ ਦਾ ਸਾਹਮਣਾ ਕਰਦੇ ਹਾਂ। ਭਟਕਿਆ ਹੋਏ ਮਨਮੁਖ (ਆਵੇਗਸ਼ੀਲ ਮਨ) ਅਤੇ ਅਡੋਲ ਗੁਰਮੁਖ (ਜਾਗਰੂਕ ਮਨ) ਵਿਚਕਾਰ ਗੂੜ੍ਹ ਅੰਤਰ ਹੈ। ਭਾਵੇਂ ਦੇਹੀ ਸੁੱਕੇ ਟਾਹਣ ਵਾਂਗ ਕਮਜ਼ੋਰ ਹੋਣ ਲੱਗੇ, ਸਾਨੂੰ ਸਮੁਚਤਾ ਨਾਲ ਜੋੜਣ ਵਾਲੀ ਜਾਗਰੂਕਤਾ ਅਟੁੱਟ ਰਹਿੰਦੀ ਹੈ। ਭਾਵੇਂ ਹੰਕਾਰ ਅਲੋਪ ਹੋ ਜਾਵੇ, ਪਿਆਰ ਅਤੇ ਸੂਝ ਅਜੇ ਵੀ ਬਣੀ ਰਹਿ ਸਕਦੀ ਹੈ। ਪੁਰਜ਼ੋਰ ਸੰਦੇਸ਼ ਇਹ ਹੈ ਕਿ ਜਿਵੇਂ-ਜਿਵੇਂ ਜ਼ਿੰਦਗੀ ਆਪਣੇ ਪਤਨ ਨੇੜੇ ਆਉਂਦੀ ਹੈ, ਜਾਗਰੂਕਤਾ ਦੀ ਸੰਭਾਵਨਾ ਬਣੀ ਰਹਿੰਦੀ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**